## ਸੁਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ
## ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ(ਮੁਹਾਲੀ)

ਫੋਨ ਨੰ:- 0172-5212313, ਫੈਕਸ ਨੰ:- 0172-5212369


### ਪਬਲਿਕ ਨੋਟਿਸ

ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ ਅਧੀਨ ਚੱਲ ਰਹੇ ਦੱਸ ਮੈਰੀਟੋਰੀਅਸ ਸਕੂਲ, ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ,ਮੁਹਾਲੀ, ਪਟਿਆਲਾ, ਗੁਰਦਾਸਪੁਰ, ਪਿੰਡ ਹਕੂਮਤ ਸਿੰਘ ਵਾਲਾ, ਜਿਲ੍ਹਾ ਫਿਰੋਜ਼ਪੁਰ ਅਤੇ ਪਿੰਡ ਘਾਬਦਾਂ, ਜਿਲ੍ਹਾ ਸੰਗਰੂਰ ਵਿੱਚ 10+1 ਕਲਾਸ ਵਿੱਚ ਖਾਲੀ ਸੀਟਾਂ ਲਈ ਨਾਨ-ਮੈਡੀਕਲ,ਮੈਡੀਕਲ ਅਤੇ ਕਾਮਰਸ ਅਤੇ ਤਲਵਾੜਾ ਸਕੂਲ ਵਿੱਚ ਹਿਊਮੈਨੇਟੀਜ਼ ਸਟਰੀਮ (ਕੇਵਲ ਲੜਕੀਆਂ ਲਈ) ਦੇ ਦਾਖਲੇ ਲਈ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਸਵੇਰੇ 0900 ਵਜੇ ਮਿਤੀ: 14.07.2017 ਤੋਂ ਆਰੰਭ ਹੋ ਰਹੀ ਹੈ।

ਉਹ ਵਿਦਿਆਰਥੀ ਜੋ ਪਹਿਲਾਂ ਲਈ ਪ੍ਰੀਖਿਆ ਵਿੱਚ ਅਸਫਲ ਰਹੇ ਜਾਂ ਗੈਰ-ਹਾਜ਼ਰ ਰਹੇ ਜਾਂ ਰਜਿਸਟਰੇਸ਼ਨ ਨਹੀਂ ਕਰਵਾ ਸਕੇ ਅਤੇ ਪੰਜਾਬ ਰਾਜ ਦੇ ਸਰਕਾਰੀ ਸਕੂਲ, ਦਸ਼ਮੇਸ਼ ਗਰਲਜ ਸੀਨੀਅਰ ਸੈਕਡਰੀ ਸਕੂਲ, ਬਾਦਲ,ਦਸ਼ਮੇਸ਼ ਸੀਨੀਅਰ ਸੈਂਕਡਰੀ ਸਕੂਲ, ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ, ਦਸ਼ਮੇਸ਼ ਸੀਨੀਅਰ ਸਕੈਂਡਰੀ ਸਕੂਲ, ਕੋਟਲਾ ਸੁਲਤਾਨ, ਜਿਲ੍ਹਾ ਅੰਮ੍ਰਿਤਸਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਮਾਨਤਾ ਪ੍ਰਾਪਤ ਆਦਰਸ਼ ਸਕੂਲਾਂ ਦੇ 10ਵੀਂ ਦੇ ਵਿਦਿਆਰਥੀ ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਪ੍ਰਵੇਸ਼ ਪ੍ਰੀਖਿਆ ਲਈ 200/- ਰੁ: ਫੀਸ ਆਨ-ਲਾਇਨ ਜਮਾਂ ਕਰਵਾਉਣੀ ਪਵੇਗੀ। ਉਹ ਵਿਦਿਆਰਥੀ ਜਿਨ੍ਹਾਂ ਨੇ ਪਹਿਲਾ ਰਜਿਸਟਰੇਸ਼ਨ ਕਰਵਾਈ ਸੀ ਉਨ੍ਹਾਂ ਨੂੰ ਹੁਣ ਦੁਬਾਰਾ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

ਅਪਲਾਈ ਕਰਨ ਦੀ ਜਾਣਕਾਰੀ ਹੇਠ ਲਿਖੀ ਵੈਬ-ਸਾਇਟ ਤੇ ਹਾਸਿਲ ਕੀਤੀ ਜਾਵੇ:-

(i) **www.ssapunjab.org**

(ii) **epunjabschool.gov.in**

ਅਪਲਾਈ ਕਰਨ ਲਈ ਦਿਸ਼ਾ-ਨਿਰਦੇਸ਼ (guidelines) ਵੀ ਵੈਬ-ਸਾਇਟ ਤੇ ਉਪਲੱਬਧ ਹਨ। ਅਪਲਾਈ ਕਰਨ ਸਮੇਂ ਆਪਣਾ ਮੋਬਾਇਨ ਫੋਨ ਨਾਲ ਲੈ ਜਾਇਆ ਜਾਵੇ, ਜਿਸ ਤੇ ਅਪਲਾਈ ਕਰਨ ਤੋਂ ਬਾਅਦ ਵੈਰੀਫਿਕੇਸ਼ਨ ਕੋਡ ਜਨਰੇਟ ਹੋਵੇਗਾ ਜਿਸ ਨੂੰ ਭਰਨ ਤੋਂ ਬਾਅਦ ਹੀ ਰਜਿਸਟਰ ਕਰਨ ਦੀ ਪ੍ਰਕਿਰਿਆ ਮੁਕੰਮਲ ਹੋਵੇਗੀ।

ਵੈਬਸਾਇਟ ਤੇ ਸਫਲਤਾ ਪੂਰਵਕ ਰਜਿਸਟਰ ਹੋਣ ਤੇ, ਪ੍ਰਵੇਸ਼ ਪ੍ਰੀਖਿਆ ਲਈ ਐਡਮਿਟ ਕਾਰਡ ਜਨਰੇਟ ਹੋਵੇਗਾ ਅਤੇ ਵਿਦਿਆਰਥੀਆਂ ਨੂੰ ਲਿਖਤੀ ਟੈਸਟ ਲਈ ਬੁਲਾਇਆ ਜਾਵੇਗਾ। ਉਸ ਤੋਂ ਬਾਅਦ, ਲਿਖਤੀ ਟੈਸਟ ਦੇ ਨਤੀਜੇ ਦੇ ਆਧਾਰ ਤੇ ਕੇਵਲ ਸਫਲ ਉਮੀਦਵਾਰਾਂ ਦੀ ਮੈਰਿਟ ਲਿਸਟ ਵੈਬਸਾਇਟ ਤੇ ਪਾਈ ਜਾਵੇਗੀ। ਲਿਖਤੀ ਟੈਸਟ ਜਿਲ੍ਹਾ ਹੈਡਕੁਆਟਰ ਤੇ ਮਿਤੀ: 02.08.2017 ਨੂੰ ਸਵੇਰੇ 1400 ਤੋਂ 1715 ਵਜੇ ਤੱਕ ਲਿਆ ਜਾਵੇਗਾ ਅਤੇ ਇਸ ਦਾ ਨਤੀਜਾ 19.08.2017 ਨੂੰ ਵੈਬਸਾਈਟ ਤੇ ਪਾ ਦਿੱਤਾ ਜਾਵੇਗਾ। ਕੌਂਸਲਿੰਗ ਮਿਤੀ: 21.08.2017 ਤੋਂ ਸਵੇਰੇ 09.00 ਵਜੇ ਤੋਂ ਜਿਲ੍ਹਾ ਹੈਡਕੁਆਟਰਜ਼ ਤੇ ਸ਼ੁਰੂ ਹੋਵੇਗੀ। ਲਿਖਤੀ ਟੈਸਟ ਅਤੇ ਕੌਂਸਲਿੰਗ ਦੀਆਂ ਮਿਤੀਆਂ ਵਿੱਚ ਤਬਦੀਲੀਆਂ, ਜੇਕਰ ਕੋਈ ਹੋਣ, ਤਾਂ ਉਹ ਵੈਬਸਾਈਟ ਤੇ ਪਾਈ ਜਾਵੇਗੀ, ਇਸ ਲਈ ਵਿਦਿਆਰਥੀ ਹਦਾਇਤਾਂ ਲਈ ਰੋਜ਼ਾਨਾ ਵੈਬਸਾਈਟ ਜਰੂਰ ਵੇਖਦੇ ਰਹਿਣ। ਲਿਖਤੀ ਟੈਸਟ ਤਿੰਨ ਹਿੱਸਿਆਂ ਵਿੱਚ ਤਿੰਨ ਘੰਟੇ ਦੇ ਸਮੇਂ ਦਾ ਹੋਵੇਗਾ। ਹਰ ਹਿੱਸਾ ਇਕ ਘੰਟੇ ਦਾ ਇਕ ਵਿਸ਼ੇ ਦਾ ਹੋਵੇਗਾ। ਉਮੀਦਵਾਰਾਂ ਨੂੰ ਦੱਸਵੀਂ ਪੱਧਰ ਦੀ ਅੰਗਰੇਜ਼ੀ, ਮੈਥ ਅਤੇ ਸਾਇੰਸ ਲਈ ਪਰਖਿਆ ਜਾਵੇਗਾ ਭਾਵੇਂ ਉਹ ਕਿਸੇ ਵੀ ਸਟਰੀਮ ਦੀ ਚੋਣ ਕਰਨ। ਦਾਖਲੇ ਵਾਸਤੇ ਕੁਆਲੀਫਾਈ ਕਰਨ ਲਈ ਵਿਦਿਆਰਥੀ ਨੂੰ ਘੱਟ ਤੋਂ ਘੱਟ 33% ਅੰਕ ਪ੍ਰਸ਼ਨ ਪੱਤਰ ਦੇ ਹਰ ਭਾਗ ਵਿੱਚ ਪਾਸ ਕਰਨ ਲਈ ਲੈਣੇ ਹੋਣਗੇ ਅਤੇ ਓਵਰਆਲ 50% ਅੰਕ ਹੋਣੇ ਚਾਹੀਦੇ ਹਨ। ਲਿਖਤੀ ਟੈਸਟ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਆਪਣੇ ਨਾਲ ਆਪਣਾ ਜਮੈਟਰੀ ਬਾਕਸ ਅਤੇ ਲਿਖਣ ਸਮੱਗਰੀ ਲਿਆਣੀ ਹੋਵੇਗੀ।

ਇੰਟਰਨੈਟ ਉਪਲੱਬਧ ਨਾ ਹੋਣ ਜਾਂ ਕਿਸੇ ਹੋਰ ਮੁਸ਼ਕਿਲ ਕਾਰਣ ਹੈਲਪਲਾਈਨ ਨੰ: 0172-5212318 ਜਾਂ 0172-5212332 ਤੇ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ, ਦਫ਼ਤਰੀ ਸਮੇਂ ਦੌਰਾਨ, ਸੰਪਰਕ ਕੀਤਾ ਜਾ ਸਕਦਾ ਹੈ।

ਆਨ-ਲਾਈਨ ਰਜਿਸਟਰੇਸ਼ਨ ਮਿਤੀ: 14.07.2017 ਸਵੇਰੇ 09.00 ਵਜੇ ਆਰੰਭ ਹੋਵੇਗੀ ਅਤੇ ਮਿਤੀ: 23.07.2017 ਨੂੰ ਦੁਪਹਿਰ ਬਾਅਦ 5.00 ਵਜੇ ਬੰਦ ਹੋ ਜਾਵੇਗੀ।

ਲਿਖਤੀ ਟੈਸਟ ਅਤੇ ਕੌਂਸਲਿੰਗ ਦੇ ਮੰਤਵ ਲਈ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਨੰਬਰ ਅਤੇ ਕੰਪਿਊਟਰ ਤੇ ਜਨਰੇਟ ਹੋਈ ਪ੍ਰਵੇਸ਼ ਪਰਚੀ ਅਤੇ ਸ਼ਨਾਖਤ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਡਰਾਇਵਿੰਗ ਲਾਈਸੈਂਸ ਜਾਂ ਪਾਸਪੋਰਟ ਜਾਂ ਸਕੂਲ ਵੱਲੋਂ ਜਾਰੀ ਕੀਤਾ ਫੋਟੋ ਸ਼ਨਾਖਤੀ ਕਾਰਡ ਨਾਲ ਲਿਆਉਣਾ ਜਰੂਰੀ ਹੈ।